ਬੀ.ਸੀ.ਐੱਮ ਸਕੂਲ, ਬਸੰਤ ਐਵੀਨਿਊ ਦੁੱਗਰੀ ਲੁਧਿਆਣਾ

ਅਸਾਈਨਮੈਂਟ ( ਅਗਸਤ 2023 )

ਜਮਾਤ : ਦਸਵੀਂ ਵਿਸ਼ਾ : ਪੰਜਾਬੀ

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-

ਸ਼ਾਹੂਕਾਰ ਵਿੱਚੋਂ ਸਭ ਮਨੁੱਖੀ ਗੁਣ ਮਰ ਜਾਂਦੇ ਹਨ। ਉਹ ਹਰ ਵੇਲੇ ਤਾਂਘਦਾ ਰਹਿੰਦਾ ਹੈ ਕਿ ਲੋਕਾਂ ਉੱਤੇ ਤੰਗੀਆਂ ਅਤੇ ਮੁਸੀਬਤਾਂ ਦੇ ਪਹਾੜ ਡਿੱਗਣ, ਭਾਅ ਟੁੱਟ ਜਾਣ, ਪਸ਼ੂ ਮਰ ਜਾਣ, ਫਸਲਾਂ ਮਾਰੀਆਂ ਜਾਣ ਜਾਂ ਕਤਲ ਹੋ ਜਾਣ ਤਾਂ ਜੋ ਜਿਹੜੇ ਹੁਣ ਤੱਕ ਉਹਦੇ ਕੋਲ ਕਰਜ਼ਾ ਲੈਣ ਨਹੀਂ ਆਏ ਉਹ ਵੀ ਛਿੱਲ ਲਹਾਉਣ ਆਉਣ ਅਤੇ ਉਸ ਦਾ ਸ਼ਾਹੂਕਾਰਾ ਵਧੇ ਫੁੱਲੇ। ਓਹਦੇ ਜਾਲ ਵਿਚ ਰੋਜ਼ ਨਵੇਂ ਸ਼ਿਕਾਰ ਫਸਣ। ਇਹੋ ਹੀ ਨਹੀਂ ਉਹ ਇੱਕ ਨੂੰ ਦੂਜੇ ਦੇ ਖਿਆਲ ਚੁੱਕ ਕੇ ਲੜਾਉਂਦਾ ਹੈ, ਹਾਕਮਾਂ ਨਾਲ ਮਿਲ ਕੇ ਮੁਕੱਦਮੇ ਲੰਮੇ ਕਰਾਉਂਦਾ ਹੈ ਤਾਂ ਜੋ ਉਹ ਦੋਹਾਂ ਧਿਰਾਂ ਨੂੰ ਕਰਜ਼ਾ ਦੇ ਕੇ ਆਪਣੇ ਅਧੀਨ ਕਰ ਸਕੇ। ਸੂਦ-ਦਰ-ਸੂਦ ਲਾ ਕੇ ਉਨ੍ਹਾਂ ਨੂੰ ਆਪਣਾ ਗੁਲਾਮ ਬਣਾ ਲਏ ਅਤੇ ਉਨ੍ਹਾਂ ਦਾ ਜਾਇਦਾਦ ਉੱਤੇ ਹੱਥ ਸਾਫ ਕਰ ਸਕੇ।

ਉਪਰੋਕਤ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-

- ਸ਼ਾਹੂਕਾਰ ਕਰਜਾ ਦੇਣ ਲਈ ਲੋਕਾਂ ਨੂੰ ਕਿਸ ਤਰ੍ਹਾਂ ਦੀਆਂ ਮੁਸੀਬਤਾਂ ਵਿੱਚ ਪੈਣ ਦੀਆਂ ਕਾਮਨਾ ਕਰਦਾ ਹੈ?
- "ਲੁੱਟਣਾ" ਅਰਥ ਲਈ ਪੈਰੇ ਵਿੱਚ ਕਿਹੜਾ ਮੁਹਾਵਰਾ ਆਇਆ ਹੈ?
- ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਲੋਕ ਗੁਲਾਮ ਕਿਵੇਂ ਬਣ ਜਾਂਦੇ ਹਨ?
- ਸ਼ਾਹੂਕਾਰ ਲੋਕਾਂ ਵਿੱਚ ਲੜਾਈ ਕਿਵੇਂ ਪਵਾਉਂਦਾ ਹੈ?
- ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ।

2. ਕਿਰਿਆ ਵਿਸ਼ੇਸ਼ਣ ਅਤੇ ਉਸ ਦੀਆਂ ਕਿਸਮਾਂ:- ( ਖਾਲੀ-ਸਥਾਨਾਂ ਵਿੱਚ ਸਹੀ ਕਿਰਿਆ ਵਿਸ਼ੇਸ਼ਣ ਭਰੋ)

___ ਅਸੀਂ ਦਿੱਲੀ ਤੋਂ ਆਏ, ਰਾਮੂ ਚਲਾ ਗਿਆ ਸੀ। ਇਸ ਗੱਲ ਦਾ ਪਤਾ _______ ਲੱਗਾ। ਅਗਲੇ ਦਿਨ ਮੈਂ ____________ ਦਿੱਲੀ ਪੁੱਜਿਆ। ਉਹ ਘਰ ਦੇ ________ ਖੜ੍ਹਾ ਸੀ। ਉਸ ਨੇ ਹੱਥ ਵਿੱਚ ਕਿਤਾਬ ਫੜੀ ਹੋਈ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਮੈਨੂੰ ਉਸ ਦੀ ਕਿਤਾਬ ਦੀ ਬਹੁਤ ਲੋੜ ਹੈ। ਉਸ ਨੇ _____ ਸੰਕੋਚ ਕਰਦੇ ਹੋਏ, ____ ਦੀ ਸਾਰੀ ਗੱਲ ਸੁਣਾਈ। ਮੈਂ ਨਹੀਂ ਜਾਣਦਾ ਸੀ ਕਿ ਉਹ _____ ਵਫਾਦਾਰ ਇਨਸਾਨ ਹੈ, ਪਰ ਉਸਨੇ ਇਹ ਸਾਬਤ ਕਰ ਦਿੱਤਾ ਸੀ।

ਨੁਕਤੇ : ( ਸਵੇਰੇ-ਸਵੇਰੇ, ਪਰਸੋਂ, ਕਿੰਨਾਂ, ਬਾਹਰ, ਜਦੋਂ, ਥੋੜ੍ਹਾ, ਕੁਵੇਲੇ)

3. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:-
ਕੁਝ ਧੂੜ ਦੇਣਾ, ਖੀਸੇ ਭਰਨੇ, ਗੋਂਗਲੂਆਂ ਤੋਂ ਮਿੱਟੀ ਝਾੜਨਾ, ਘਰ ਭੰਨਣਾ
4. ਅਤਿ ਛੋਟੇ ਪ੍ਰਸ਼ਨ ਉੱਤਰ:-
    - "ਤੂੰ ਮੇਰਾ ਰਾਖਾ ਸਭਨੀ ਥਾਈ ਤਾਂ ਭਉ ਕੇਹਾ ਕਾੜ੍ਹਾ ਜੀਉ" ਤੁੱਕ ਦਾ ਭਾਵ ਸਪੱਸ਼ਟ ਕਰੋ।

- ਪਰਮਾਤਮਾ ਦੀ ਕਿਰਪਾ ਨਾਲ ਕਿਹੜਾ ਔਖਾ ਘੋਲ ਜਿੱਤਿਆ ਜਾ ਸਕਦਾ ਹੈ?
- ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ?
- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਿਹੜਾ ਮੁਗਲ ਬਾਦਸ਼ਾਹ ਸੀ?
- ਔਰੰਗਜ਼ੇਬ ਦੇ ਰਾਜ ਵਿੱਚ ਜ਼ੀਨਤ ਤੋਂ ਇਲਾਵਾ ਹੋਰ ਕੌਣ ਗੁਰੂ ਜੀ ਦੇ ਹੱਕ ਵਿੱਚ ਬੋਲਦਾ ਸੀ?
- " ਨਹਾਇਤ ਨਾਸਾਜ਼" ਸ਼ਬਦ ਦਾ ਅਰਥ ਦੱਸੋ।